
# ਯੂਨਾਨ ਦੇ ਮਸੀਹੀਆਂ ਨੇ ਯਰੂਸਲਮ ਦੇ ਗਰੀਬ ਮਸੀਹਾਂ ਨੂੰ ਮੱਦਦ ਦਿੱਤੀ

**ਪ੍ਰਾਥਨਾ,** ''ਪਿਆਰੇ ਪਰਮੇਸ਼ਵਰ ਜਦੋਂ ਅਸੀ ਇੱਕਜੁੱਟ ਹੋ ਕੇ ਜਰੂਰਤ ਵੰਦਾ ਦੀ ਸਹਾਇਤਾ ਕਰਦੇ ਹਾਂ ਸਾਡੀ ਸਹਾਇਤਾ ਕਰ ਕਿ ਅਸੀਂ ਬੁੱਧੀਮਾਨ ਅਤੇ ਦਿਆਲੂ ਬਣੀਏ।''



ਇਨ੍ਹਾਂ ਸਾਰੀਆਂ ਚੀਜ਼ਾਂ ਵਿੱਚੋਂ ਬੱਚਿਆਂ ਨੂੰ ਸਿਖਾਉਣ ਲਈ ਜਿਹੜੀ ਉਨ੍ਹਾਂ ਦੀ ਉਮਰ ਅਤੇ ਜਰੂਰਤਾਂ ਨੂੰ ਪੂਰੀ ਕਰਦੀ ਹੈ, ਚੁਣੋ।

ਚਲੋ ਹੁਣ ਵੱਡੇ ਬੱਚੇ ਨੂੰ ਜਾਂ ਅਧਿਆਪਕ ਦੱਸੇ, ਕਿਵੇਂ ਕੁਰਿੰਥੀਆ ਦੇ ਕਈ ਲੋਕਾਂ ਨੇ ਗਰੀਬ ਭਰਾਵਾਂ ਅਤੇ ਭੈਣਾਂ ਦੀ ਸਹਾਇਤਾ, ਮਸੀਹ ਵਿੱਚ ਕੀਤੀ।

**ਪਿਛੋਕੜ ਜਾਂ** (ਪਿੱਠ ਭੂਮੀ) ਪੋਲੂਸ ਇੱਕ ਧਾਰਮਿਕ ਸਿੱਖਿਆ ਦੇਣ ਦੀ ਸੇਵਾ ਕਰ ਰਿਹਾ ਸੀ। ਉਥੇ ਉਹਨੇ ਯਰੂਸ਼ਲਮ ਦੇ ਵਿਸ਼ਵਾਸੀਆ ਬਾਰੇ ਸੁਣਿਆਂ ਕਿ ਉਹ ਕਾਲ ਦੇ ਕਾਰਨ ਭੁੱਖੇ ਹਨ।ਉਹਨੇ ਦੂਜਿਆਂ ਦੇਸ਼ਾਂ ਦੇ ਵਿਸ਼ਵਾਸੀਆਂ ਨੂੰ ਉਨ੍ਹਾਂ ਲੋਕਾਂ ਦੀ ਮਦਦ ਕਰਨ ਲਈ ਆਖਿਆ। ਉੱਥੇ ਦੇਣ ਦੀ ਯੋਜਨਾ ਦਾ ਕੰਮ ਬੜਾ ਵੱਡਾ ਸੀ, ਬਹੁਤੀਆਂ ਕਲੀਸੀਆਵਾਂ ਇਹਦੇ ਲਈ ਲੰਬੇ ਸਮੇਂ ਤੋਂ (ਧੰਨ) ਪੈਸਾ ਇੱਕਠਾ ਕਰ ਰਹੀਆ ਸਨ। ਵਿਸ਼ਵਾਸੀਆ ਨੇ ਪੂਰਾ ਧਿਆਨ ਰੱਖਿਆ ਕਿ ਸਹੀ ਲੋਕ ਹੀ ਇਹਨੂੰ ਲੈਣ ਅਤੇ ਉਨ੍ਹਾਂ ਯਰੂਸ਼ਲਮ ਦੇ ਮਸੀਹੀਆਂ ਨੂੰ ਜਿੰਨਾ ਦੀ ਇਨ੍ਹਾਂ ਨੂੰ ਬਹੁਤ ਜਰੂਰਤ ਹੈ ਉਨ੍ਹਾਂ ਨੂੰ ਮਿਲੇ।

ਪੜੋ **1 ਕੁਰਿੰਥੀਆ 16:1-4** ਯਾਦ ਕਰਕੇ ਦੱਸੋ ਕਿ ਪੋਲੂਸ ਰਸੂਲਾਂ ਨੇ ਕੁਰਿੰਥੀਆ ਦੇ ਲੋਕਾ ਨੂੰ ਕਿਸ ਬਾਰੇ ਲਿਖਿਆ ਕਿਵੇ ਆਪਨੇ ਚੰਦੇ ਨੂੰ ਇੱਕਠਾ ਕਰਨਾ ਹੈ। ਤਦ ਆਖੋ

- ਕੁਰਿੰਥਸ ਦੇ ਨੇੜੇ ਹੋਰ ਕਿਹੜੇ ਗਿਰਜਿਆਂ ਨੇ ਗਰੀਬਾਂ ਨੂੰ ਦਿੱਤਾ? (ਉੱਤਰ ਆਇਤ 1 ਵਿੱਚ ਦੇਖੋ)
- ਕਿਸ ਤਰ੍ਹਾਂ ਵਿਸ਼ਵਾਸੀਆਂ ਨੇ ਉਗਰਾਹੀ ਦਿੱਤੀ? (ਆਇਤ 2)
- ਲੋਕਾਂ ਨੇ ਆਪਣੇ (ਚੰਦਾ, ਦਾਨ ਸਾਰਾ ਸਿਰਫ ਇਕੋ ਵਾਰ ਦੇ ਦਿੱਤਾ? (ਆਇਤ 2)
- ਗਿਰਜੇ ਨੇ ਕਿਸ ਤਰ੍ਹਾਂ ਸਾਵਧਾਨੀ ਨਾਲ ਨਿਗਰਾਨੀ ਕੀਤੀ ਕਿ ਪੈਸੇ ਨੂੰ ਕਿਵੇ ਭੇਜਿਆ ਜਾਵੇ? (ਆਇਤ 3)
- ਪੋਲੂਸ ਦੇ ਖਿਆਲ (ਗਏ) ਵਿੱਚ ਇਹ ਚੰਦਾ ਕਿਉ ਏਨਾਂ ਜਰੂਰੀ ਸੀ? (ਆਇਤ 4 ਪੋਲੂਸ ਨਵੀ ਕਲੀਸੀਆ ਸੁਰੂ ਕਰਨ ਵਿੱਚ ਰੁੱਝਿਆ ਹੋਇਆ ਸੀ, ਪਰ ਉਹ ਉਨਾ ਲੋਕਾ ਦੀ ਦੇਖ ਭਾਲ ਵਿੱਚ, ਜਿਹੜੇ ਯਰੂਸਲਮ ਵਿੱਚ ਦੁੱਖ ਪਾ ਰਹੇ ਸਨ, ਸਮਾਂ ਕੱਢਦਾ ਹੈ ਅਤੇ ਇਹ ਪੱਕਾ ਕਰਦਾ ਹੈ ਕਿ ਉਸ ਚੰਦਾ ਚੰਗਾ ਪ੍ਰਬੰਧ ਹੋਵੇ)

ਸਮਝਾਉ ਪੋਲੂਸ ਨੇ ਕੁਰਿੰਥੀਆਂ ਨੂੰ ਕੀ ਕਿਹਾ, ਉਹਦੀ ਦੇਣ ਦੀ ਦਲੀਲ ਬਾਰੇ ਵਿਸ਼ਵਾਸੀ ਕਿਵੇਂ ਜਵਾਬ ਦੇਣ।

- ਪੋਲੂਸ ਨੇ ਉਨਾ ਨੂੰ ਦੂਸਰੀ ਚਿੱਠੀ ਲਿਖੀ ਅਤੇ ਦੱਸਿਆ ਕਿ ਕਿੰਨਿਆਂ ਵਿਸ਼ਵਾਸੀਆਂ ਨੇ ਕਿਰਪਾਲਤਾ ਨਾਲ ਦਿੱਤਾ। (2 ਕੁਰਿੰਥੀਆ 8, ਆਇਤ 1-7, 10, 11 ਅਤੇ 19-21)
- ਮਕਦੂਨੀਆ ਵਿੱਚ ਵਿਸ਼ਵਾਸੀ ਬੜੇ ਗਰੀਬ ਹਨ। ਯੂਨਾਨ ਦੇ ਪੂਰਬ ਵੱਲ ਇੱਕ ਛੋਟਾ ਜਿਹਾ ਦੇਸ਼ ਵਿਚ ਨੇ ਬੜਾ ਬਲਿਦਾਨ ਦਿੱਤਾ।
- ਗਰੀਬ ਮਕਦੂਨਿਯਾ ਨੇ ਰਸੂਲਾਂ ਅੱਗੇ ਮਿੰਨਤਾਂ (ਬੇਨਤੀ) ਕਰਕੇ ਤਾਕੀਦ ਕੀਤੀ ਕਿ ਉਨ੍ਹਾਂ ਨੂੰ ਦੇਣ ਦਿੱਤਾ ਜਾਵੇ।
- ਕੱਰਿੰਥੀਆਂ ਦੇ ਲੋਕ ਚੰਦਾ ਦੇਣ ਲਈ ਥੋੜਾ ਜਿਹਾ ਹਰ ਹਫਤੇ ਇੱਕ ਪਾਸੇ ਰੱਖ ਦਿੰਦੇ ਸਨ ਕਿ ਰਮੂੰਲਾ ਆ ਕੇ ਉਹਨੂੰ ਯਰੂਸ਼ਲਮ ਵਿਚੋਂ ਲੈ ਜਾਣ।
- ਪੋਲੂਸ ਨੇ ਉਨ੍ਹਾਂ ਨੇ ਆਖਿਆ, ''ਉਸ ਆਦਮੀ ਦੇ ਨਾਮ ਵਿੱਚ ਵਿਸ਼ਵਾਸ ਕਰਨ, ਜਿਹੜਾ ਉਨ੍ਹਾਂ ਦੀ ਸਹਾਇਤਾ ਯਰੂਸਲਸ ਲੈ ਜਾਏਗਾ ਸੁੱਕ (ਸੰਦੇਹ) ਨੂੰ ਇੱਕ ਪਾਸੇ ਕਰੋ।''
- ਦਾਨ ਦੇਣ ਦਾ ਮਕਸਦ ਸਿਰਫ ਭੁੱਖ ਮਰੀ ਦੇ ਲੋਕਾ ਨੂੰ ਖਾਣ ਵਾਸਤੇ ਦੇਣ ਬਾਰੇ ਹੀ ਨਹੀਂ ਸਗੋਂ ਪਰਮੇਸ਼ਵਰ ਨੂੰ ਮਹਿਮਾ ਦੇਣ ਵਿੱਚ ਵੀ ਹੈ।

ਇਹ ਕਹਾਣੀ ਦੇ ਹਿੱਸਿਆਂ ਦਾ ਨਾਟਕ ਤਿਆਰ ਕਰੋ (ਮਹਾਨ ਚੰਦਾ) ਵੱਡਿਆ ਬੱਚਿਆਂ ਨੂੰ ਛੋਟਿਆ ਦੀ ਮੱਦਦ ਕਰਨ ਦਿਉ।

- ਮੁੱਖ ਕਲੀਸੀਆ ਦੇ ਅਰਾਧਨਾ ਦੇ ਆਗੂ ਨਾਲ ਤਿਆਰੀ ਕਰੋ ਕਿ ਬੱਚੇ ਇਸ ਨਾਟਕ ਨੂੰ ਪੇਸ਼ ਕਰਨ। ਵੱਡੇ ਬੱਚੇ ਜਾ ਬਾਲਿਗਾਂ ਇਸ ਹਿੱਸੇ ਨੂੰ ਕਰਨ, ਵਾਚਕ, ਪੋਲੂਸ ਤੀਤੁਸ, ਅਤੇ ਵੈਰੀ। ਵਾਚਕ ਕਹਾਣੀ ਨੂੰ ਛੋਟਾ, ਨਿਚੋੜ ਕੱਢ ਕੇ ਬੱਚਿਆਂ ਦੀ ਸਹਾਇਤਾ ਕਰੇ ਕਿ ਉਹਨਾ ਨੂੰ ਕੀ ਕਹਿਣਾ ਅਤੇ ਕੀ ਕਰਨਾ ਹੈ।

- ਛੋਟਿਆਂ ਬੱਚਿਆਂ ਨੂੰ ਇਹ ਹਿੱਸੇ ਕਰਨ ਲਈ ਦਿਉ ਗਰੀਬ ਲੋਕ ਕੁਰਿੰਥੀਆਂ ਦੇ ਲੋਕ, ਮਕਦੂਨਿਯਾਂ ਦੇ ਲੋਕ, ਕੁਰਿੰਥੀਆ ਦੇ ਲੋਕਾ ਕੋਲ ਠੀਕਰੀਆਂ ਜਾ ਸਿੱਕੇ, ਚੰਦਾ ਦੇਣ ਲਈ ਹੋਣ।

**ਵਾਚਕ**:- ਕਹਾਣੀ ਦਾ ਪਹਿਲਾ ਭਾਗ ਦੱਸੋ, (ਪੋਲੂਸ ਨੇ ਕੁਰਿੰਥੀਆ 1-16:1-4) ਵਿੱਚ ਦੀ ਲਿੱਖਿਆ) ਅਤੇ ਆਖੋ, ''ਸੁਣੋ ਗਰੀਬ ਲੋਕ ਯਰੂਸਲਸ ਵਿੱਚ ਕੀ ਕਹਿੰਦੇ ਹਨ?''

**ਗਰੀਬ ਲੋਕ,** ''ਸਾਡੀਆਂ ਫਸਲਾਂ ਬਰਬਾਦ ਹੋ ਗਈਆ'' ਇਸ ਸਾਲ ਦੇ ਅੰਦਰ ਅਸੀ ਭੁੱਖ ਮਰੀ ਨਾਲ ਮਰ ਜਾਵਾਂਗੇ, ''ਪਰਮੇਸ਼ਵਰ ਸਾਡੀ ਸਹਾਇਤਾ ਕਰੋ।''

**ਵਾਚਕ,** ਇਸੇ ਵਿੱਚ ''ਥੋੜੀ ਦੂਰ ਕੁਰੰਥ ਵਿੱਚ ਸੁਣੋ ਪੋਲੂਸ ਮਸੀਹਿਆ ਨੂੰ ਕੀ ਕਹਿੰਦਾ ਹੈ।''

**ਪੋਲੂਸ** ''ਸਾਨੂੰ ਜਰੂਰ ਉਨ੍ਹਾਂ ਦੀ ਸਹਾਇਤਾ ਕਰਦੀ ਚਾਹੀਦੀ ਹੈ, ਜਿਹੜੇ ਯਰੂਸਲਮ ਵਿੱਚ ਭੁੱਖ ਮਰੀ ਵਿੱਚ ਹਨ। ਹਰ ਹਫਤੇ ਕੁਝ ਧੰਨ ਵਿੱਚੋਂ ਪਾਸ ਰੱਖ ਦਿਆ ਕਰੋ, ਅਤੇ ਇਹਨੂੰ ਹਰੇਕ ਐਤਵਾਰ ਨੂੰ ਚੰਦੇ ਵਿੱਚ ਦਿਆ ਕਰੋ, ਕੁਝ ਸਮੇ ਬਾਦ, ਮੈ ਇਹ ਚੰਦਾ ਆ ਕੇ ਲੈ ਜਾਵਾਗਾ।''

**ਵਾਚਕ,** ''ਸੁਣੋ !ਮਸੀਹ ਦਾ ਵੈਰੀ ਆਪਣੇ ਸੈਤਾਨ ਮੱਦਦਗਾਰਾ ਨੂੰ ਕੀ ਕਹਿੰਦਾ ਹੈ?

**ਵੈਰੀ,** ''ਉਹ ਨਹੀ। ਕਲੀਸੀਆਵਾਂ ਸਹਿਯੋਗ ਦੇ ਰਹੀਆਂ ਹਨ, ਅਸੀਂ ਸੈਤਾਨ ਇਹਨਾ ਨੂੰ ਇੱਕਜੁੱਟ ਹੋ ਕੇ ਕੰਮ ਨਹੀ ਕਰਨ ਦਵਾਗਾ, ਇਹ ਬਹੁਤ ਜਿਆਦੇ ਹੋ ਰਹੇ ਨੇ ਅਤੇ ਇੱਕ ਦੂਜੇ ਦੀ ਬਹੁਤ ਮੱਦਦ ਕਰ ਰਹੇ ਹਨ, ਅਸੀ ਇਹਨਾਂ ਨੂੰ ਜਰੂਰ ਉਤੱਸ਼ਾਹਹੀਣ ਕਰ ਦਿਆਗੇ।''

**ਕੁਰਿੰਥੀਆ** ਦੇ ਲੋਕ ਇੱਕ ਡੱਬੇ ਨੂੰ ਚੰਦੇ ਲਈ ਆਲੇ ਦੁਆਲੇ ਘੁਮਾਉਂਦੇ ਹਨ ਅਤੇ ਇਸ ਤਰ੍ਹਾਂ ਕਹਿੰਦੇ ਹਨ, ''ਮੈ ਬੜਾ ਖੁੱਸ਼ ਹਾਂ, ਅਸੀ ਹਰ ਹਫਤੇ ਕੁਝ ਮੱਦਦ ਕਰਦੇ ਹਾ।'' ਮੈ ਹਰ ਦਿਨ ਆਪਣੀਆ ਮੁਰਗੀਆ ਦੇ ਆਂਡੇ ਲੋਕਾਂ ਨੂੰ ਵੇਚ ਕੇ ਦਿੰਦਾ ਹਾਂ, ਇੱਥੇ ਕੁਝ ਪੈਸਾ ਹੈ, ਚੰਦੇ ਲਈ, ''ਮੈ ਕੁਝ ਸ਼ੋਲ ਬਣਾਏ ਅਤੇ ਵੇਚੇ।

**ਵੈਰੀ**:- ਜੋਰ ਨਾਲ ਆਪਣਾ ਪੈਰ ਗੁੱਸੇ ਨਾਲ ਮਾਰੇ, ''ਕਹੋ'' ਅਸੀ ਇਹ ਕਰਨ ਵਿੱਚ ਤਾਂ ਅਸਫਲ ਹੋ ਗਏ ਕਿ ਸਿਰਫ ਇੱਕ ਵਾਰ ਹੀ ਜਿਆਦਾ ਚੰਦਾ (ਦਾਨ) ਦੇਣਾ ਹੈ, ਮੈ (ਅਸੀਂ) ਇਹਨਾ ਨੂੰ ਇੱਕ ਪ੍ਰੀਖਿਆ ਵਿੱਚ ਪਾਵਾਗੇ ਕਿ ਇਹ ਧੰਨ ਵਿੱਚ ਲਾਪਰਵਾਹੀ ਕਰਨ। ਮੈ ਇਹਨਾ ਨੂੰ ਸ਼ੱਕ ਵਿਚ ਨੂੰ ਪਾ ਦਿਆਂਗਾ, ਉਹਦੇ ਬਾਰੇ ਵਿੱਚ ਜਿਹੜਾ ਇਹਨੂੰ ਲੈਕੇ ਯਰੂਸ਼ਲਮ ਜਾਏ ਗਾ, ਉਹ ਸ਼ਾਇਦ ਇਸ ਵਿੱਚ ਕੁੱਝ ਚੋਰੀ ਕਰ ਲਵੇ।

**ਕੁਰਿੰਥੀਆ ਵਾਸੀ**- ਦੋ ਲੋਕਾਂ ਨੂੰ ਇਸ਼ਾਰਾ ਕਰਕੇ ਆਖਣ, ''ਤੁਸੀ ਦੋਵੇ ਪੈਸੇ ਨੂੰ ਸੰਭਾਲੋ, ''ਅਸੀ ਤੁਹਾਡੇ ਤੇ ਵਿਸ਼ਵਾਸ ਕਰਦੇ ਹਾਂ ਕਿ ਤੁਸੀ ਪੈਸੇ ਲੈ ਕੇ ਜਾਉ, ''ਬੇਨਤੀ ਕਰਕੇ ਜਿਹੜੀ ਵੀ ਚੀਜਾਂ ਅਸੀ ਤੁਹਾਨੂੰ ਦਿੱਤੀ ਹੈ, ਉਹਨਾ ਦਾ ਹਿਸ਼ਾਬ ਕਿਤਾਬ, ਬੜੀ ਸਾਵਧਾਨੀ ਨਾਲ ਰੱਖਣਾ।''

**ਵਾਚਕ- ਕਹਾਣੀ ਦੇ ਦੂਸਰੇ ਨੂੰ ਦੱਸੋ,** ''ਲੰਬੇ ਸਮੇ ਬਾਦ ਪੋਲੂਸ ਮਕਦੂਨਿਯਾ ਗਿਆ, ਸੁਣੋ ਮਕਦੂਨਿਯਾ ਦੇ ਲੋਕਾਂ ਨੇ ਉਹੀ ਕੀ ਕਿਹਾ।''

**ਮਕਦੂਨਿਯਾ ਵਾਸੀ,** ''ਪੋਲੂਸ! ਤੁਸੀ ਕਿਹਾ, ਉਹ ਸਾਡੇ ਭਰਾ ਅਤੇ ਭੈਣ ਜਿਹੜੇ ਯਰੂਸਲਮ ਵਿੱਚ ਹਨ, ਭੁੱਖ ਮਰੀ ਵਿੱਚ ਹਨ, ਅਸੀ ਗਰੀਬ ਹਾਂ, ਪਰ ਅਸੀ ਉਨ੍ਹਾਂ ਦੀ ਮੱਦਦ ਕਰਨਾ ਚਾਹੁੰਦੇ ਹਾਂ''

**''ਬੇਨਤੀ ਕਰਕੇ ਸਾਨੂੰ ਵੀ ਮਹਾਨ ਦਾਨ** (ਚੰਦਾ ਦੇਣ ਦੇ, ਜਿਵੇਂ ਕੁਰਿੰਥੀਆ ਦੇ ਲੋਕਾ ਨੇ ਕੀਤਾ।''

**ਪੋਲੂਸ,** ''ਪਰਮੇਸ਼ਵਰ ਤੁਹਾਨੂੰ ਇਸ ਬਲਿਦਾਨ ਅਤੇ ਦਿਆਲਤਾ ਲਈ ਅਸੀਸ ਦੇਵੇ, ਮੈ ਤੀਤੁਸ ਨੂੰ ਤੁਹਾਡਾ ਦਾਨ ਲੈਣ ਲਈ ਭੇਜਾਗਾ।''

**ਤੀਤੁਸ,** ਤੁਸੀ ਸਾਰੇ ਇਸ ਮਹਾਨ ਯੋਜਨਾ ਨੂੰ ਪੂਰਾ ਕਰਕੇ ਖੁਸ਼ ਹੋਵੇਗੇ, ਜਿਹੜਾ ਕਿ ਉਹ ਸਾਰੀਆਂ ਕਲੀਸੀਆਵਾਂ ਨੇ ਇੱਕਜੁੱਟ ਹੋਕੇ ਸੁਰੂ ਕੀਤਾ, ਮੈ ਇਥੇ ਹੋਰ ਦੂਜੇ ਵਿਸ਼ਵਾਸੀ ਭਰਾਵਾਂ ਲਈ ਚੰਦਾ ਲੈਣ ਆਇਆ ਹਾਂ। ਤੁਹਾਡੇ ਕੋਲ ਕੋਈ ਆਦਮੀ ਤਿਆਰ ਹੈ, ਜਿਹੜਾ ਮੇਰੇ ਨਾਲ ਧੰਨ ਲੈ ਕੇ ਯਰੂਸਲਮ ਚੱਲੇ?''

**ਕੁਰਿੰਥੀਆ ਵਾਸੀ** - ''ਅਸੀ ਚਾਹੁੰਦੇ ਹਾਂ ਕਿ ਅਸੀਂ ਵੀ ਯਰੂਸ਼ਲਮ ਦੇ ਲੋਕਾਂ ਲਈ ਧੰਨ ਇੱਕਠਾ ਕਰੀਏ?''

''ਇਹ ਦੋਵੇ ਆਦਮੀ ਵਿਸ਼ਵਾਸ ਯੋਗੇ ਹਨ: ਇਹ ਤੇਰੇ ਨਾਲ ਜਾਣਗੇ।''

(ਗਰੀਬ ਲੋਕਾਂ ਕੋਲ ਜਾਉ, ਹੱਥਾਂ ਵਿੱਚ ਸੋਗਾਤਾਂ ਲੈਕੇ)

**ਗਰੀਬ ਲੋਕ:–** ''ਆਓ, ਅਸੀਂ ਪਰਮੇਸ਼ਵਰ ਦਾ ਧੰਨਵਾਦ ਕਰਦੇ ਹਾਂ। ਹੁਣ ਅਸੀ ਭੁੱਖ ਮਰੀ ਨਾਲ ਨਹੀ ਮਰਾਂਗੇ।''

**ਵੈਰੀ:** ''ਅਸੀ ਅਸਫਲ ਹੋ ਗਏ। ਇਨ੍ਹਾਂ ਨੇ ਪੈਸੇ (ਰਕਮ) ਨੂੰ ਬੜੀ ਸਮਝ ਨਾਲੋ ਸੌਂਪ ਕੇ ਸੋਕੇ ਦੀ ਗੜਬੜੀ ਚੱਲਣ ਨਹੀ ਦਿੱਤੀ। ਮੈ ਫਿਰ ਕੋਸ਼ਿਸ ਕਰਾਂਗਾ।''

**ਵਾਚਕ:–** ਜਿੰਨ੍ਹਾਂ ਨੇ ਮਦਦ ਕੀਤੀ, ਉਨ੍ਹਾਂ ਦਾ ਧੰਨਵਾਦ ਕਰੋ।

**ਬੱਚਿਆਂ ਨੂੰ ਉਹ ਪ੍ਰਸ਼ਨ ਬਾਲਿਗਾ ਤੋ ਪੁੱਛਣ ਦਿਉ।** ਜਿਹੜੇ ਇਸ ਦੇ ਸੁਰੂਆਤ ਦੀ ਪੜ੍ਹਾਈ ਵਿੱਚ ਨੇ।

**ਸਲਾਹ ਮਸ਼ਵਰਾ:–** ਹੋਰ ਕਿਹੜੀਆਂ ਯੋਜਨਾਵਾਂ ਦੀਆਂ ਉਦਾਹਰਣ ਹਨ, ਜਿਹੜੀਆਂ ਉਹ ਕਲੀਸੀਆਵਾਂ ਇੱਕਜੁੱਟ ਹੋ ਕੇ ਪਰਮੇਸ਼ਵਰ ਲਈ ਕਰ ਸਕਦੀਆ ਹਨ?

ਵੱਡਿਆਂ ਬੱਚਿਆਂ ਨੂੰ ਇੱਕ ਤਸਵੀਰ ਬਣਾਉਣ ਦਿਉ, ਇੱਕੋ ਕਿਤਾਬ ਕਾਲਮਾਂ ਵਾਲੀ, ''ਆਮਦਨੀ'' ਅਤੇ ਖ਼ਰਚ (ਲਾਗਤ)।

- ਘੱਟ ''ਆਮਦਨੀ'' ਕੁਝ ਚੀਜ਼ਾਂ ਲਿਖ ਕੇ, ਜਿਨ੍ਹਾਂ ਨੂੰ ਵੇਚ ਕੇ ਕੁਝ ਪੈਸਾ ਕਮਾਉਣ। ਗਰੀਬਾਂ ਨੂੰ ਦੇਣ ਵਾਸਤੇ।
- ਘੱਟ ''ਖਰਚਾ'', ਲਿੱਖਕੇ ਦੂਸਰੇ ਕੰਮ ਵਿੱਚ ਉਨ੍ਹਾਂ ਚੀਜ਼ਾਂ, ਜਿੰਨ੍ਹਾਂ ਨੂੰ ਖਰੀਦ ਕੇ ਗਰੀਬਾ ਨੂੰ ਦੇਣਾ ਹੈ।

ਛੋਟੇ ਬੱਚੇ ਇੱਕ ਸਿੱਕਾ ਫੜੇ ਹੋਏ, ਹੱਥ ਦੀ ਤਸਵੀਰ ਬਣਾਉਣ (ਉੱਤੇ ਤਸਵੀਰ ਨੂੰ ਦੇਖੋ)

- ਬੱਚੇ ਬਾਲਿਗਾਂ ਨੂੰ ਅਰਾਧਨਾ ਦੇ ਵੇਲੇ ਸਮਝਾਉ ਕਿ ਉਸ ਤਸਵੀਰ ਨੂੰ ਦਿਖਾ ਕਿ ਕਿਵੇ ਕਲਸਿਆਵਾਂ ਨੂੰ ਇੱਕਜੁੱਟ ਹੋ ਕੇ ਬੁੱਧੀ ਅਤੇ ਕਿਰਪਾਲਤਾ ਨਾਲ ਲੋਕਾਂ ਦੀ ਮੱਦਦ ਕਰਨੀ ਹੈ, ਜਿਹੜੇ ਕਿ ਇੱਕ ਮਹਾਨ ਜਰੂਰਤ ਵਿੱਚ ਹਨ।

ਯਾਦ ਕਰੋ 1 ਕੁਰਿੰਥੀਆ 9:6

**ਕਵਿਤਾ,** ਚਾਰ ਬੱਚੇ ਲੈ ਕੇ ਹਰੇਕ ਨੂੰ ਇੱਕ-ਇੱਕ ਆਇਤ ਦਾ ਉਚਾਰਣ (ਹਵਾਲਾ) ਕਰਨ, ਦਿਉ ਕਹਾਉੱਤਾ 24:3–6 ਵਿੱਚੋ

**ਪ੍ਰਾਥਨਾ:** ''ਪਰਮੇਸ਼ਵਰ ਤੂੰ ਸਾਨੂੰ ਬੜੀਆਂ ਚੰਗੀਆਂ ਚੀਜ਼ਾਂ ਦਿੱਤੀਆਂ ਹਨ। ਅਸੀ ਜਰੂਰਤ ਵੰਦਾ ਨੂੰ ਦੇਣਾ ਚਾਹੁੰਦੇ ਹਾਂ ਅਤੇ ਉਹ ਜਿਹੜੇ ਤੇਰੇ ਵਚਨ ਨੂੰ ਦੂਜਿਆਂ ਤੱਕ ਦੂਰ ਦਰਾਜ, ਜਗ੍ਹਾਵਾਂ ਤੇ ਲੈ ਕੇ ਜਾਦੇ ਹਨ, ਸਾਡੀ ਸਹਾਇਤਾ ਕਰ ਕਿ ਇੱਕਜੁੱਟ ਹੋਕੇ ਕੰਮ ਕਰਨ ਨਾਲ ਤੇਰਾ ਆਦਰ ਸਤਿਕਾਰ ਕਰੀਏ ਤੇ ਆਪਣੇ ਧੰਨ ਦੋਲਤ ਨਾਲ ਵੀ।

Copyright 2004 © by Paul-Timothy. May be freely copied. Download from www.Paul-Timothy.net